## PUNJAB VIDHAN SABHA

***Friday, the 24th August, 2018***

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh at 2.00 P.M. Mr. Speaker (Rana Kanwar Pal Singh) in the Chair.*

-----

## OBITUARY REFERENCES

**ਮਾਨਯੋਗ ਸਪੀਕਰ :** ਅਕਾਲ ਚਲਾਣਿਆਂ ਦਾ ਵਰਣਨ। ਇਸ ਅਜ਼ੀਮ ਸਦਨ ਦੇ ਪਿਛਲੇ ਇਜਲਾਸ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਕਾਬਲੇ ਇਹਤਰਾਮ ਸ਼ਖ਼ਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ। ਅੱਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ। ਕੁਝ ਅਜਿਹੀਆਂ ਸ਼ਖ਼ਸੀਅਤਾਂ, ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ, ਸਮਾਜ ਅਤੇ ਦੇਸ਼ ਕੌਮ ਦੀ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ, ਆਉ ਉਨ੍ਹਾਂ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਆਪਣੀ ਸ਼ਰਧਾਂਜਲੀ ਭੇਂਟ ਕਰੀਏ।

ਭਾਰਤੀ ਰਾਜਨੀਤੀ ਦੇ ਸਿਖਰ ਪੁਰਸ਼, ਹਰਮਨ ਪਿਆਰੇ ਨੇਤਾ ਅਤੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਭਾਰਤ ਰਤਨ ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ ਸਾਨੂੰ ਮਿਤੀ 16 ਅਗਸਤ, 2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 25 ਦਸੰਬਰ, 1924 ਨੂੰ ਗਵਾਲੀਅਰ, ਮੱਧ ਪ੍ਰਦੇਸ਼ ਵਿਖੇ ਹੋਇਆ ਸੀ। ਉਹ ਸਾਲ 1957, 1967, 1971, 1977, 1980, 1991, 1996, 1998 ਅਤੇ 1999 ਵਿੱਚ ਲੋਕ ਸਭਾ ਦੇ ਮੈਂਬਰ ਚੁਣੇ ਗਏ। ਉਹ ਸਾਲ 1962 ਤੋਂ 1967 ਅਤੇ 1986 ਤੋਂ 1991 ਦੌਰਾਨ ਰਾਜ ਸਭਾ ਦੇ ਮੈਂਬਰ ਰਹੇ। ਉਹ ਸਾਲ 1967, 1970 ਅਤੇ 1991-1993 ਦੌਰਾਨ ਸੰਸਦ ਦੀ ਲੋਕ ਲੇਖਾ ਕਮੇਟੀ ਦੇ ਚੇਅਰਮੈਨ ਅਤੇ ਸਾਲ 1968-1984 ਦੌਰਾਨ ਪੰਡਤ ਦੀਨ ਦਿਆਲ ਉਪਾਧਿਆਏ ਸਮਾਰਕ ਸਮਿਤੀ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਨੇ ਮੁਲਕ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਸ਼ਮੂਲੀਅਤ ਕੀਤੀ, ਜਿਸ ਦੌਰਾਨ ਸਾਲ 1942 ਵਿੱਚ ਉਨ੍ਹਾਂ ਨੂੰ ਜੇਲ੍ਹ ਵੀ ਜਾਣਾ ਪਿਆ। ਸ਼੍ਰੀ ਵਾਜਪਾਈ ਜੀ ਨੇ ਸਾਲ 1977-1979 ਦੌਰਾਨ ਕੇਂਦਰ ਸਰਕਾਰ ਵਿੱਚ ਕੈਬਨਿਟ ਮੰਤਰੀ ਵਜੋਂ ਵਿਦੇਸ਼ ਮੰਤਰਾਲਾ ਸੰਭਾਲਿਆ। ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ ਤਿੰਨ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਬਣੇ। ਉਨ੍ਹਾਂ ਨੇ ਆਪਣੀ ਸੰਵੇਦਨਸ਼ੀਲ ਰਾਜਨੀਤੀ ਸਦਕਾ ਦੇਸ਼ ਨੂੰ ਅਸਥਿਰਤਾ ਦੇ ਦੌਰ ਵਿੱਚੋਂ ਕੱਢਿਆ ਅਤੇ ਆਪਣੀ ਰਾਜਨੀਤਿਕ ਸੂਝ-ਬੂਝ ਨਾਲ ਗਠਬੰਧਨ ਦੀ ਸਥਿਰ ਸਰਕਾਰ ਕਾਇਮ ਕਰਕੇ ਦੇਸ਼ ਨੂੰ ਸੁਚੱਜਾ ਪ੍ਰਸ਼ਾਸਨ ਮੁਹੱਈਆ ਕਰਵਾਇਆ।

[ ਮਾਨਯੋਗ ਸਪੀਕਰ ]

ਸਪੀਕਰ ਸਾਹਿਬ, ਉੱਘੇ ਸਿਆਸਤਦਾਨ ਤੋਂ ਇਲਾਵਾ ਸ਼੍ਰੀ ਵਾਜਪਾਈ ਜੀ ਇੱਕ ਉੱਘੇ ਕਵੀ ਵੀ ਸਨ, ਜਿਨ੍ਹਾਂ ਨੇ ਕਵਿਤਾਵਾਂ ਦੇ ਕਈ ਸੰਗ੍ਰਹਿ ਲਿਖੇ। ਉਹ ਇੱਕ ਕਵੀ ਹਿਰਦੇ ਨਾਲ ਭਰਪੂਰ ਸੰਵੇਦਨਸ਼ੀਲ ਇਨਸਾਨ ਸਨ। ਭਾਰਤ ਰਤਨ ਅਤੇ ਹੋਰ ਅਨੇਕਾਂ ਸ਼੍ਰੋਮਣੀ ਅਵਾਰਡਜ਼ ਨਾਲ ਨਿਵਾਜੇ ਸ਼੍ਰੀ ਵਾਜਪਾਈ ਜੀ ਭਾਸ਼ਾਵਾਂ, ਵਿਚਾਰਧਾਰਾਵਾਂ ਅਤੇ ਸਭਿਆਚਾਰਕ ਨਿਖੇੜ ਤੋਂ ਪਰ੍ਹੇ ਇੱਕ ਮਹਾਨ ਯਥਾਰਥਵਾਦੀ, ਕ੍ਰਿਸ਼ਮਈ ਨੇਤਾ, ਸੱਚਾ ਅਤੇ ਨਿਰਸਵਾਰਥ ਦੇਸ਼ ਭਗਤ, ਹਰਮਨ ਪਿਆਰਾ, ਬੇਬਾਕ ਵਕਤਾ, ਸ਼ਾਂਤੀ ਪ੍ਰੇਮੀ ਅਤੇ ਲੋਕਪ੍ਰਿਆ ਕਵੀ ਵਜੋਂ ਮੁਲਕ ਦੀ ਲਾਸਾਨੀ ਖਿਦਮਤ ਲਈ ਵਰ੍ਹਿਆਂ ਤੱਕ ਸਾਡੀ ਯਾਦ ਦਾ ਹਿੱਸਾ ਬਣੇ ਰਹਿਣਗੇ। ਸ਼੍ਰੀ ਵਾਜਪਾਈ ਜੀ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਦਾ ਸ਼ਾਇਦ ਹੀ ਕੋਈ ਦੁਸ਼ਮਣ ਹੋਵੇ। ਇਸੇ ਲਈ ਉਨ੍ਹਾਂ ਨੂੰ ਅਜ਼ਾਦਤ ਸ਼ਤਰੂ ਵਜੋਂ ਜਾਣਿਆ ਜਾਂਦਾ ਹੈ। ਸਮੁੱਚੇ ਦੇਸ਼ ਅਤੇ ਸਾਨੂੰ ਸਭ ਨੂੰ ਉਨ੍ਹਾਂ ਦੇ ਅਕਾਲ ਚਲਾਣੇ ਤੇ ਗਹਿਰਾ ਦੁੱਖ ਹੈ। ਸ਼੍ਰੀ ਵਾਜਪਾਈ ਜੀ ਇਨਸਾਨੀ ਖੂਬੀਆਂ ਦਾ ਮੁਜੱਸਮਾ ਸਨ। ਦੇਸ਼ ਦੇ ਹਰ ਨਾਗਰਿਕ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲਦੇ ਹੋਏ, ਲੋਕ ਸੇਵਾ ਕਰਦੇ ਰਹਿਣਾ ਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਭਾਰਤੀ ਸੰਸਦ ਦੇ ਹੇਠਲੇ ਸਦਨ, ਲੋਕ ਸਭਾ ਦੇ ਸਾਬਕਾ ਮਾਨਯੋਗ ਸਪੀਕਰ ਅਤੇ ਉੱਘੇ ਕਮਿਊਨਿਸਟ ਲੀਡਰ ਸ਼੍ਰੀ ਸੋਮ ਨਾਥ ਚੈਟਰਜੀ ਜੀ ਵੀ ਸਾਨੂੰ ਮਿਤੀ 13 ਅਗਸਤ, 2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 89 ਸਾਲਾਂ ਦੇ ਸਨ। ਉਹ 2004 ਤੋਂ 2009 ਤੱਕ ਲੋਕ ਸਭਾ ਦੇ ਸਪੀਕਰ ਦੇ ਅਹੁਦੇ ਤੇ ਬਿਰਾਜਮਾਨ ਰਹੇ। ਉਨ੍ਹਾਂ ਨੇ ਸਾਲ 1968 ਵਿੱਚ ਸੀ.ਪੀ.ਐਮ. ਜੁਆਇਨ ਕੀਤੀ। ਉਹ 10 ਵਾਰ ਲੋਕ ਸਭਾ ਦੇ ਮੈਂਬਰ ਚੁਣੇ ਗਏ। ਉਨ੍ਹਾਂ ਨੇ ਲੋਕ ਸਭਾ ਦੇ ਸਪੀਕਰ ਅਤੇ ਮੈਂਬਰ ਵਜੋਂ ਅਹਿਮ ਭੂਮਿਕਾ ਨਿਭਾਈ, ਜਿਸ ਸਦਕਾ ਉਨ੍ਹਾਂ ਨੂੰ 1996 ਵਿੱਚ ਆਊਟ ਸਟੈਂਡਿੰਗ ਪਾਰਲੀਮੈਂਟੇਰੀਅਨ ਅਵਾਰਡ ਨਾਲ ਵੀ ਨਿਵਾਜਿਆ ਗਿਆ। ਉਨ੍ਹਾਂ ਨੇ ਬਤੌਰ ਪਾਰਲੀਮੈਂਟੇਰੀਅਨ, ਉੱਚੀਆਂ ਕਦਰਾਂ-ਕੀਮਤਾਂ ਨੂੰ ਤਰਜੀਹ ਦਿੱਤੀ ਅਤੇ ਉੱਚ ਲੋਕਤੰਤਰਿਕ ਪ੍ਰੰਪਰਾਵਾਂ ਤੇ ਪਹਿਰਾ ਦਿੱਤਾ।

ਛੱਤੀਸਗੜ੍ਹ ਰਾਜ ਦੇ ਰਾਜਪਾਲ ਅਤੇ ਪੰਜਾਬ ਦੇ ਸਾਬਕਾ ਵਜ਼ੀਰ ਸ਼੍ਰੀ ਬਲਰਾਮਜੀ ਦਾਸ ਟੰਡਨ ਜੀ ਵੀ ਸਾਨੂੰ ਮਿਤੀ 14 ਅਗਸਤ, 2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਨਵੰਬਰ, 1927 ਨੂੰ ਅੰਮ੍ਰਿਤਸਰ ਵਿਖੇ ਹੋਇਆ। ਉਹ ਹਲਕਾ ਅੰਮ੍ਰਿਤਸਰ ਸੈਂਟਰਲ ਤੋਂ ਪਹਿਲੀ ਵਾਰ 1957 ਵਿੱਚ ਵਿਧਾਇਕ ਚੁਣੇ ਗਏ। ਉਸ ਤੋਂ ਬਾਅਦ ਉਹ 1962, 1967, 1969, 1977 ਵਿੱਚ ਵੀ ਉਸੇ ਹਲਕੇ ਤੋਂ ਮੁੜ ਵਿਧਾਇਕ ਚੁਣੇ ਗਏ ਅਤੇ ਸਾਲ 1997 ਵਿੱਚ ਰਾਜਪੁਰਾ ਹਲਕੇ ਤੋਂ ਇਸ ਮੁਕੱਦਸ ਸਦਨ ਦੇ ਮੈਂਬਰ

ਬਣੇ। ਉਨ੍ਹਾਂ ਨੇ ਇਸ ਪਵਿੱਤਰ ਸਦਨ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਵੀ ਸੇਵਾ ਨਿਭਾਈ । ਉਹ ਜਨਸੰਘ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸਨ । ਸ਼੍ਰੀ ਬਲਰਾਮਜੀ ਦਾਸ ਟੰਡਨ ਸਾਲ 2014 ਵਿੱਚ ਛੱਤੀਸਗੜ੍ਹ ਦੇ ਰਾਜਪਾਲ ਬਣੇ ਅਤੇ ਸਾਥੋਂ ਵਿਛੜਨ ਸਮੇਂ ਵੀ ਉਹ ਰਾਜਪਾਲ ਦੇ ਅਹੁਦੇ ਉਤੇ ਬਿਰਾਜਮਾਨ ਸਨ । ਉਹ ਆਪਣੇ ਸਿਆਸੀ ਜੀਵਨ ਦੇ ਲੰਬੇ ਸਫਰ ਦੌਰਾਨ ਵੱਖ-ਵੱਖ ਮਹੱਤਵਪੂਰਨ ਅਹੁਦਿਆਂ ਉਤੇ ਰਹੇ ਅਤੇ ਉਨ੍ਹਾਂ ਨੇ ਪੰਜਾਬ ਮੰਤਰੀ ਮੰਡਲ ਵਿੱਚ ਸੀਨੀਅਰ ਕੈਬਨਿਟ ਮੰਤਰੀ ਵਜੋਂ ਉਦਯੋਗ, ਸਿਹਤ ਅਤੇ ਸਥਾਨਕ ਪ੍ਰਸ਼ਾਸਨ ਜਿਹੇ ਅਹਿਮ ਮਹਿਕਮਿਆਂ ਦੀ ਕਮਾਂਡ ਸੰਭਾਲਦੇ ਹੋਏ ਲੋਕਾਂ ਦੀ ਸੇਵਾ ਕੀਤੀ। ਉਹ ਭਾਰਤੀ ਜਨਤਾ ਪਾਰਟੀ ਦੀ ਸੂਬਾ ਇਕਾਈ ਦੇ ਪ੍ਰਧਾਨ ਵੀ ਰਹੇ।

ਪੰਜਾਬ ਦੇ ਸਾਬਕਾ ਵਜ਼ੀਰ ਅਤੇ ਸਾਬਕਾ ਮੈਂਬਰ ਪਾਰਲੀਮੈਂਟ, ਸ਼੍ਰੀ ਸੁਰਿੰਦਰ ਸਿੰਗਲਾ ਜੀ, ਸਾਨੂੰ ਮਿਤੀ 28 ਜੂਨ, 2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 18 ਨਵੰਬਰ, 1944 ਨੂੰ ਸਮਾਣਾ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ । ਉਹ ਫਰਵਰੀ, 2002 ਵਿੱਚ ਪੰਜਾਬ ਵਿਧਾਨ ਸਭਾ ਲਈ ਪਹਿਲੀ ਵਾਰ ਵਿਧਾਇਕ ਚੁਣੇ ਗਏ । ਉਨ੍ਹਾਂ ਨੇ ਪੰਜਾਬ ਦੇ ਵਿੱਤ ਮੰਤਰੀ ਅਤੇ ਰਾਜ ਸਭਾ ਦੇ ਮੈਂਬਰ ਵਜੋਂ ਵੀ ਖਿਦਮਤ ਕੀਤੀ। ਉਹ ਵਿੱਤੀ ਸੁਧਾਰਾਂ, ਵਿੱਤੀ ਪੁਨਰ-ਨਿਰਮਾਣ ਅਤੇ ਸ੍ਰੋਤ-ਗਤੀਸ਼ੀਲਤਾ ਬਾਰੇ ਸਲਾਹਕਾਰ ਕਮੇਟੀ ਦੇ ਚੇਅਰਮੈਨ ਰਹੇ । ਸ਼੍ਰੀ ਸਿੰਗਲਾ ਜੀ ਨੇ ਪੰਜਾਬ ਵਿਧਾਨ ਸਭਾ ਦੀਆਂ ਵੱਖ-ਵੱਖ ਕਮੇਟੀਆਂ ਦੇ ਮੈਂਬਰ ਰਹਿੰਦੇ ਹੋਏ ਅਹਿਮ ਭੂਮਿਕਾ ਅਦਾ ਕੀਤੀ ।

ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰ, ਸ਼੍ਰੀ ਜੋਗਿੰਦਰ ਨਾਥ ਵੀ ਸਾਨੂੰ ਮਿਤੀ 8 ਅਗਸਤ, 2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 1 ਅਕਤੂਬਰ, 1934 ਨੂੰ ਜ਼ਿਲ੍ਹਾ ਲਾਇਲਪੁਰ ਵਿਖੇ ਹੋਇਆ ਸੀ । ਉਹ ਸਾਲ 1980 ਵਿੱਚ ਹਲਕਾ ਗੜ੍ਹਦੀਵਾਲ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਵਿਧਾਇਕ ਚੁਣੇ ਗਏ। ਉਹ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਪੇਸ਼ੇ ਤੋਂ ਵਕੀਲ ਸਨ ਅਤੇ ਸਾਲ 1972 ਤੋਂ 1974 ਤੱਕ ਅਤੇ ਸਾਲ 1980 ਤੋਂ ਬਾਅਦ ਵੀ ਕਾਫੀ ਸਮੇਂ ਤੱਕ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫੈਲੋ ਵਜੋਂ ਸੇਵਾ ਨਿਭਾਉਂਦੇ ਰਹੇ। ਉਨ੍ਹਾਂ ਨੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ, ਪੰਜਾਬ ਦੇ ਪੱਛੜਿਆਂ ਇਲਾਕਿਆਂ ਅਤੇ ਸਿੱਖਿਆ ਵਿਕਾਸ ਲਈ ਹਮੇਸ਼ਾ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਨੇ ਪੰਜਾਬ ਦੇ ਬੇਟ ਅਤੇ ਕੰਢੀ ਖੇਤਰਾਂ ਦੀ ਬਣੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਈ ।

ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰ, ਸਰਦਾਰ ਕੁਲਦੀਪ ਸਿੰਘ ਵਡਾਲਾ ਵੀ ਸਾਨੂੰ ਮਿਤੀ 5 ਜੂਨ, 2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 15 ਦਸੰਬਰ, 1932 ਨੂੰ ਤਹਿਸੀਲ ਗੁਰੇਵਾਲਾ, ਜ਼ਿਲ੍ਹਾ ਮੁਲਤਾਨ ਵਿਖੇ ਹੋਇਆ। ਅਕਾਲੀ ਦਲ ਦੀ ਮੂਹਰਲੀ ਕਤਾਰ ਦੇ ਆਗੂ, ਦੋਆਬਾ ਖੇਤਰ ਦੀ ਸਿਆਸਤ ਦੇ ਬਾਬਾ

[ ਮਾਨਯੋਗ ਸਪੀਕਰ ]

ਬੋਹੜ ਜਥੇਦਾਰ ਕੁਲਦੀਪ ਸਿੰਘ ਵਡਾਲਾ ਨਕੋਦਰ ਹਲਕੇ ਤੋਂ ਸਾਲ 1985 ਵਿੱਚ ਇਸ ਸਦਨ ਦੇ ਮੈਂਬਰ ਬਣੇ । ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਜਨਰਲ ਸਕੱਤਰ ਵਜੋਂ ਸੇਵਾਵਾਂ ਨਿਭਾਉਣ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਸਮੇਤ ਹੋਰਨਾਂ ਮਹੱਤਵਪੂਰਨ ਅਹੁਦਿਆਂ ਤੇ ਵੀ ਸੇਵਾ ਨਿਭਾਈ। ਉਹ ਦੋਆਬੇ ਦੇ ਵੱਖ-ਵੱਖ ਆਲ੍ਹਾ ਤਾਲੀਮੀ ਅਦਾਰਿਆਂ ਦੇ ਪ੍ਰਧਾਨ ਰਹੇ। ਵਡਾਲਾ ਸਾਹਿਬ ਨੇ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਪਾਕਿਸਤਾਨ ਵਿੱਚ ਕਰਤਾਰਪੁਰ ਵਿਖੇ ਸਥਿਤ ਗੁਰਦੁਆਰਾ ਸਾਹਿਬ ਤੱਕ ਪੰਜਾਬ ਦੇ ਡੇਰਾ ਬਾਬਾ ਨਾਨਕ ਤੋਂ ਸੁਰੱਖਿਅਤ ਗਲਿਆਰਾ ਖੁਲ੍ਹਵਾਉਣ ਲਈ ਲੰਬਾ ਸੰਘਰਸ਼ ਕੀਤਾ ।

ਇਨ੍ਹਾਂ ਤੋਂ ਇਲਾਵਾ ਕਈ ਸੁਤੰਤਰਤਾ ਸੰਗਰਾਮੀ, ਸ਼੍ਰੀ ਓਮ ਪ੍ਰਕਾਸ਼ ਸ਼ਰਮਾ, ਸਰਦਾਰ ਹਜ਼ਾਰਾ ਸਿੰਘ, ਸਰਦਾਰ ਮਹਿਲ ਸਿੰਘ, ਸਰਦਾਰ ਦਰਸ਼ਨ ਸਿੰਘ, ਸਰਦਾਰ ਮਿਲਖਾ ਸਿੰਘ, ਸ਼੍ਰੀ ਚਮਨ ਲਾਲ, ਸਰਦਾਰ ਬਕਸ਼ੀਸ਼ ਸਿੰਘ, ਸਰਦਾਰ ਰਤਨ ਸਿੰਘ, ਸਰਦਾਰ ਗੁਰਬਖਸ਼ ਸਿੰਘ ਅਤੇ ਸਰਦਾਰ ਬਚਿੱਤਰ ਸਿੰਘ ਜੀ ਵੀ ਪਿਛਲੇ ਦਿਨਾਂ ਵਿੱਚ ਸਾਨੂੰ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿੱਚ ਆਪਣਾ ਆਪਣਾ ਵੱਡਮੁੱਲਾ ਯੋਗਦਾਨ ਪਾਇਆ । ਅੱਜ ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।

ਇਨ੍ਹਾਂ ਤੋਂ ਇਲਾਵਾ ਪੱਤਰਕਾਰੀ ਦੁਨੀਆ ਦੇ ਸ਼ਾਹ-ਸਵਾਰ ਅਤੇ ਸਾਬਕਾ ਮੈਂਬਰ ਪਾਰਲੀਮੈਂਟ, ਸ਼੍ਰੀ ਕੁਲਦੀਪ ਨਈਅਰ ਜੀ ਵੀ ਸਾਨੂੰ ਕੱਲ੍ਹ ਮਿਤੀ 23 ਅਗਸਤ, 2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 14 ਅਗਸਤ, 1923 ਨੂੰ ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ । ਉਹ ਸੀਨੀਅਰ ਪੱਤਰਕਾਰ ਅਤੇ ਉਘੇ ਕਾਲਮ-ਨਵੀਸ ਸਨ ਜਿਨ੍ਹਾਂ ਨੇ ਪ੍ਰੈਸ ਦੀ ਅਜ਼ਾਦੀ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਯੂ.ਕੇ. ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਜੋਂ ਵੀ ਸੇਵਾ ਨਿਭਾਈ। ਆਪਣੇ ਖੇਤਰ ਵਿੱਚ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਸਦਕਾ ਉਨ੍ਹਾਂ ਨੂੰ ਸਾਲ 1997 ਵਿੱਚ ਰਾਜ ਸਭਾ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ ਗਿਆ।

ਇਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ । ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਦ-ਚਿੰਨ੍ਹਾਂ ਉਤੇ ਚਲਦੇ ਹੋਏ ਅਵਾਮ ਦੀ ਖਿਦਮਤ ਵਿੱਚ ਹਾਜ਼ਰ ਰਹੀਏ । ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ ।

ਇਸ ਦੇ ਨਾਲ ਹੀ ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਸਦਨ ਦੇ ਮਾਨਯੋਗ ਮੈਂਬਰ...

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ** **

**ਮਾਨਯੋਗ ਸਪੀਕਰ :** ਇਹ ਹੋ ਗਿਆ ਜੀ। ਤੁਸੀਂ ਨਹੀਂ ਸੁਣਿਆ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਜਿਹੜੇ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ...

**ਮਾਨਯੋਗ ਸਪੀਕਰ :** ਮੈਨੂੰ ਪਹਿਲਾਂ ਪੂਰਾ ਕਰ ਲੈਣ ਦਿਓ। ਇਸ ਦੇ ਨਾਲ ਹੀ ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਸਦਨ ਦੇ ਮਾਨਯੋਗ ਮੈਂਬਰ ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ ਦੇ ਪਿਤਾ ਸਰਦਾਰ ਕਾਕਾ ਸਿੰਘ ਵੀ ਸਾਨੂੰ ਮਿਤੀ 13 ਅਗਸਤ, 2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਵਿਛੋੜੇ ਦਾ ਸਮੁੱਚੇ ਸਦਨ ਨੂੰ ਗਹਿਰਾ ਦੁੱਖ ਹੈ। ਅਸੀਂ ਇਸ ਅਜ਼ੀਮ ਸਦਨ ਦੇ ਸਮੂਹ ਮੈਂਬਰ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਸ ਫਾਨੀ ਦੁਨੀਆ ਤੋਂ ਰੁਖ਼ਸਤ ਹੋਈਆਂ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ, ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦੀ ਤਾਕਤ ਬਖਸ਼ਿਸ਼ ਕਰਨ। ਹਾਂ ਜੀ, ਹੁਣ ਦੱਸੋ ਕੀ ਕਹਿਣਾ ਚਾਹੁੰਦੇ ਸੀ?

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਲੈ ਕੇ ਹੁਣ ਤੱਕ ਜਿਹੜੇ 126 ਕਿਸਾਨ ਖੁਦਕੁਸ਼ੀਆਂ ਕਰ ਗਏ ਹਨ, ਕਾਈਂਡਲੀ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਠੀਕ ਹੈ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਸਪੀਕਰ ਸਾਹਿਬ, ਯੂ.ਐਸ.ਏ. ਵਿੱਚ hate crime ਵਿੱਚ ਸਰਦਾਰ ਤਰਲੋਕ ਸਿੰਘ ਪੰਜਾਬੀ ਜਾਨ ਗੁਆ ਬੈਠਾ ਹੈ। ਮੈਂ ਚਾਹਾਂਗਾ ਕਿ ਉਸ ਦਾ ਨਾਂ ਵੀ ਸ਼ੋਕ ਮਤੇ ਵਿੱਚ ਪਾਇਆ ਜਾਵੇ।

**ਮਾਨਯੋਗ ਸਪੀਕਰ :** ਠੀਕ ਹੈ ਜੀ। ਸ਼ਾਮਲ ਕਰ ਲਿਆ ਜਾਵੇਗਾ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਸਾਡੇ ਸੁਨਾਮ ਊਧਮ ਸਿੰਘ ਵਾਲਾ ਤੋਂ ਜੰਗੀਰ ਸਿੰਘ ਸੁਤੰਤਰਤਾ ਸੈਨਾਨੀ ਸਨ, ਜਿਹੜੇ ਕਿ 94 ਸਾਲ

---

** **Expunged as ordered by the Hon'ble Speaker.

[ ਸ਼੍ਰੀ ਅਮਨ ਅਰੋੜਾ ]

ਦੀ ਉਮਰ ਵਿੱਚ ਪਿਛੇ ਜਿਹੇ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਨਾਂ ਵੀ ਸ਼ਰਧਾਂਜਲੀਆਂ ਵਿੱਚ ਸ਼ਾਮਲ ਕਰ ਲਿਆ ਜਾਵੇ ਜੀ।

**ਮਾਨਯੋਗ ਸਪੀਕਰ :** ਸ਼ਾਮਲ ਕਰ ਲਿਆ ਜਾਵੇਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਪਾਕਿਸਤਾਨ ਫੌਜ ਵੱਲੋਂ, ਆਈ.ਐਸ.ਆਈ. ਵੱਲੋਂ ਘੁਸਪੈਠ ਕਰਨ ਕਰਕੇ ਜਿਹੜੇ ਸਾਡੇ ਫੌਜੀ ਵੀਰ ਅਤੇ ਮੇਜਰ ਸਾਹਿਬ ਦੀ ਸ਼੍ਰੀਨਗਰ ਵਿੱਚ ਸ਼ਹੀਦੀ ਹੋਈ ਹੈ, ਉਨ੍ਹਾਂ ਦਾ ਨਾਂ ਵੀ ਜ਼ਰੂਰ ਸ਼ਾਮਲ ਕੀਤਾ ਜਾਵੇ। ਪੈਰਾ ਮਿਲਟਰੀ ਫੋਰਸਿਜ਼ ਜਾਂ ਆਰਮੀ ਦੇ ਜਵਾਨ ਜਿਹੜੇ ਵੱਡੀ ਸ਼ਹਾਦਤ ਦੇ ਰਹੇ ਹਨ, ਉਨ੍ਹਾਂ ਦਾ ਵੀ ਇਹ ਹਾਊਸ ਪੂਰਾ ਸਤਿਕਾਰ ਕਰਦਾ ਹੈ। ਇਸ ਲਈ ਉਨ੍ਹਾਂ ਦਾ ਨਾਂ ਵੀ ਜ਼ਰੂਰ ਦਰਜ ਕੀਤਾ ਜਾਵੇ।

**ਮਾਨਯੋਗ ਸਪੀਕਰ :** ਠੀਕ ਹੈ ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ। ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਲਈ ਮੌਨ ਧਾਰਨ ਕਰਨ ਵਾਸਤੇ ਖੜ੍ਹੇ ਹੋਈਏ।

(ਇਸ ਉਪਰੰਤ ਸਮੂਹ ਸਦਨ ਨੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ।)

**ਮਾਨਯੋਗ ਸਪੀਕਰ :** ਧੰਨਵਾਦ।

**ਸ਼੍ਰੀ ਕੰਵਰ ਸੰਧੂ (ਆਪਣੀ ਸੀਟ ਛੱਡ ਕੇ ਕਿਸੇ ਹੋਰ ਸੀਟ ਤੋਂ ਬੋਲਦੇ ਹੋਏ):** ** **

**ਮਾਨਯੋਗ ਸਪੀਕਰ :** ਇਹ ਗੱਲ ਵੱਖਰੇ ਤੌਰ ਤੇ ਕਰ ਲੈਣਾ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਉਹ ਰਿਪੋਰਟ ਅੱਜ ਹੀ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਹੁਣ ਸਦਨ ਸੋਮਵਾਰ, ਮਿਤੀ 27 ਅਗਸਤ, 2018 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.15 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਸੋਮਵਾਰ, ਮਿਤੀ 27 ਅਗਸਤ, 2018 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

-----

** **Expunged as ordered by the Hon'ble Speaker.

# PUNJAB VIDHAN SABHA

**DEBATES**

***Friday, the 24th August, 2018***

Vol. V - No. 1

OFFICIAL REPORT

CONTENTS


| | Pages |
|---|---|
| Obituary References | (1) 1 |



**Punjab Vidhan Sabha Secretariat, Chandigarh**

Price : Rs._________.

© 2018
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9820/10-2018/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ